# आया सी माँ रतनो दे कोल

ਆਇਆ ਸੀ, ਮਾਂ ਰਤਨੋ ਦੇ ਕੋਲ,
ਇੱਕ ਨਿੱਕਾ ਜੇਹਾ ਜੋਗੀ।
ਬੋਲੇ ਸੀ, ਮਿੱਠੇ ਮਿੱਠੇ ਬੋਲ,
ਇੱਕ ਨਿੱਕਾ ਜੇਹਾ ਜੋਗੀ।
ਆਇਆ ਸੀ, ਮਾਂ ਰਤਨੋ,,,,,,,,,,,,
^
ਰਤਨੋ ਦੇ ਬੂਹੇ ਅੱਗੇ, ਅਲਖ ਜਗਾਈ ਏ।
ਰਤਨੋ ਮਾਂ ਦੇਖ ਜੋਗੀ ਨੂੰ, ਦੌੜੀ ਚਲੀ ਆਈ ਏ॥
ਤੱਕਦੀ ਏ॥॥ ਦੇਖੋ ਬੂਹਾ ਖੋਲ੍ਹ,
ਇੱਕ ਨਿੱਕਾ ਜੇਹਾ ਜੋਗੀ,,,
ਆਇਆ ਸੀ, ਮਾਂ ਰਤਨੋ,,,,,,,,,,,,
^
ਪੈਰਾਂ 'ਚ ਪਊਏ ਝੋਲੀ, ਬਗ਼ਲ ਸਜਾਈ ਏ।
ਹੱਥ ਵਿੱਚ ਚਿਮਟਾ ਸਿੰਗੀ, ਗਲ਼ ਵਿੱਚ ਪਾਈ ਏ॥
ਮੁਖ ਵਿੱਚੋਂ॥॥ ਸ਼ਿਵ ਸ਼ਿਵ ਰਿਹਾ ਬੋਲ,
ਇੱਕ ਨਿੱਕਾ ਜੇਹਾ ਜੋਗੀ,,,
ਆਇਆ ਸੀ, ਮਾਂ ਰਤਨੋ,,,,,,,,,,,,
^
ਸਿਰ ਤੇ ਹੈ ਜਟਾਂ ਸੁਨਹਿਰੀ, ਰੂਪ ਨਿਰਾਲਾ ਏ।
ਮੱਥੇ ਤੇ ਤਿਲਕ ਹੈ ਪਾਈ, ਰੁਦਰਕਸ਼ੀ ਮਾਲਾ ਏ॥
ਕਿਹੜੀ ਓਹ॥॥ ਮੰਜ਼ਿਲ ਨੂੰ ਰਿਹਾ ਟੋਹਲ,
ਇੱਕ ਨਿੱਕਾ ਜੇਹਾ ਜੋਗੀ,,,
ਆਇਆ ਸੀ, ਮਾਂ ਰਤਨੋ,,,,,,,,,,,,
^
ਬੋਹੜ ਦੇ ਥੱਲੇ ਬਹਿ ਕੇ, ਧੂਣਾ ਲਗਾਇਆ ਏ।
ਸੇਵਕ ਕੈਲਾਸ਼ ਨਾਥ, ਵੇਖ ਕੇ ਆਇਆ ਏ॥
ਕਹਿੰਦੀ ਏ॥॥ ਰਾਜਵਿੰਦਰ ਸੱਚ ਬੋਲ,
ਇੱਕ ਨਿੱਕਾ ਜੇਹਾ ਜੋਗੀ,,,
ਆਇਆ ਸੀ, ਮਾਂ ਰਤਨੋ,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27362/title/aaya-si-maa-ratno-de-kol

अपने Android मोबाइल पर BhajanGanga App डाउनलोड करें और भजनों का आनंद ले |